ਇਸ ਤੋਂ ਇਲਾਵਾ ਬਲਗਮ ਟੈਸਟ ਕਰਨ ਨਾਲ ਜਾਂ ਛਾਤੀ ਦੇ ਐਕਸ ਰੇ (X-Ray) ਨਾਲ ਵੀ ਬਿਮਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ।

## ਇਲਾਜ

ਪਸ਼ੂਆਂ ਵਿੱਚ ਇਸਦਾ ਇਲਾਜ ਕਾਫੀ ਮਹਿੰਗਾ ਪੈਂਦਾ ਹੈ। ਪਸ਼ੂਆਂ ਨੂੰ ਨਸ਼ਟ ਕਰਨ ਜਾਂ ਦੂਜੇ ਸਹਿਤਮੰਦ ਪਸ਼ੂਆਂ ਤੋਂ ਦੂਰ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਰੋਗੀ ਮਨੁੱਖ ਨੂੰ ਮਾਹਿਰ ਡਾਕਟਰ ਕੋਲੋਂ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ।

## ਬਚਾਅ ਅਤੇ ਰੋਕਥਾਮ

1. ਕੱਚੇ ਦੁੱਧ ਦਾ ਸੇਵਨ ਨਾ ਕਰੋ।
2. ਨਵੇਂ ਖਰੀਦੇ ਪਸ਼ੂਆਂ ਨੂੰ ਦੂਜੇ ਪਸ਼ੂਆਂ ਵਿੱਚ ਮਿਲਾਉਣ/ਸ਼ਾਮਿਲ ਕਰਨ ਤੋਂ ਪਹਿਲਾਂ ਟੀ ਬੀ ਟੈਸਟ ਕਰਵਾਓ।
3. ਰੋਗੀ ਪਸ਼ੂਆਂ ਨੂੰ ਸਿਹਤਮੰਦ ਪਸ਼ੂਆਂ ਤੋਂ ਅਲੱਗ ਰੱਖੋ।
4. ਇਸ ਬਿਮਾਰੀ ਨਾਲ ਮਰੇ ਹੋਏ ਜਾਨਵਰਾਂ ਨੂੰ ਇਕ ਡੂੰਘਾ ਟੋਆ ਪੱਟ ਕੇ ਉਸ ਵਿੱਚ ਚੂਨੇ ਸਮੇਤ ਦੱਬ ਦੇਵੋ।
5. ਬੱਚਿਆਂ ਨੂੰ ਸਹੀ ਸਮੇਂ ਤੇ ਬੀ ਸੀ ਜੀ ਦਾ ਟੀਕਾ ਲਗਵਾਓ।
6. ਪਸ਼ੂਆਂ ਦੀ ਸਿਹਤ ਸੰਭਾਲ ਕਰਨ ਵਾਲੇ ਵਿਅਕਤੀਆਂ ਦੀ ਸਮੇਂ-ਸਮੇਂ ਤੇ ਮੈਡੀਕਲ ਜਾਂਚ ਕਰਵਾਓ।

Funded by :
**Department of Science & Technology, New Delhi, (Govt. of India)**

Implemented by :
**School of Public Health & Zoonoses**
Guru Angad Dev Veterinary and Animal Sciences University, Ludhiana (Punjab)

DST INDIA

# ਤਪਦਿਕ

## ਪਸ਼ੂਆਂ ਤੋਂ ਮਨੁੱਖਾਂ ਨੂੰ ਲੱਗਣ ਵਾਲੀ ਬਿਮਾਰੀ



ਤਪਦਿਕ ਨਾਲ ਪ੍ਰਭਾਵਿਤ ਫੇਫੜਿਆਂ ਦਾ ਐਕਸ-ਰੇ

ਡਾ. ਰਜਨੀਸ਼ ਸ਼ਰਮਾ
ਡਾ. ਜਤਿੰਦਰ ਪਾਲ ਸਿੰਘ ਗਿੱਲ
ਡਾ. ਬਲਬੀਰ ਬਗੀਚਾ ਸਿੰਘ ਧਾਲੀਵਾਲ
ਡਾ. ਰਾਬਿੰਦਰ ਸਿੰਘ ਔਲਖ

ਜ਼ੂਨੋਟਿਕ ਬਿਮਾਰੀਆਂ ਤੋਂ ਬਚਾਅ ਅਤੇ ਰੋਕਥਾਮ ਲਈ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਵਾਲਾ ਖੋਜ-ਕਾਰਜ

COMMUNITY AWARENESS PROJECT FOR PREVENTION AND CONTROL OF ZOONOSES

**ਸਕੂਲ ਆਫ ਪਬਲਿਕ ਹੈਲਥ ਅਤੇ ਜ਼ੂਨੋਸਿਸ**

**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਟੀ, ਲੁਧਿਆਣਾ (ਪੰਜਾਬ)**

## ਤਪਦਿਕ

ਤਪਦਿਕ ਰੋਗ ਇੱਕ ਲੰਮੇ ਸਮੇਂ ਤੱਕ ਚੱਲਣ ਵਾਲੀ ਬਿਮਾਰੀ ਹੈ। ਤਪਦਿਕ ਨੂੰ ਆਮਤੌਰ ਤੇ ਟੀ ਬੀ ਵੀ ਕਿਹਾ ਜਾਂਦਾ ਹੈ। ਇਹ ਇੱਕ ਮਹੱਤਵਪੂਰਨ ਰੋਗ ਹੈ ਜਿਹੜਾ ਕਿ ਗਾਵਾਂ, ਮੱਝਾਂ, ਬੱਕਰੀਆਂ, ਭੇਡਾਂ, ਸੂਰਾਂ, ਕੁੱਤਿਆਂ, ਬਿੱਲੀਆਂ ਅਤੇ ਘੋੜਿਆਂ ਵਿੱਚ ਪਾਇਆ ਜਾਂਦਾ ਹੈ। ਇਹ ਬਿਮਾਰੀ ਮਨੁੱਖਾਂ ਵਿੱਚ ਵੀ ਪਾਈ ਜਾਂਦੀ ਹੈ। ਇਸ ਬਿਮਾਰੀ ਨੂੰ "ਮਾਇਕੋਬੈਕਟੀਰੀਅਮ" ਨਾਂ ਦਾ ਜੀਵਾਣੂ ਕਰਦਾ ਹੈ। ਪਸ਼ੂਆਂ ਅਤੇ ਮਨੁੱਖਾਂ ਵਿੱਚ ਬਿਮਾਰੀ ਕਰਨ ਵਾਲੇ ਜੀਵਾਣੂ ਦੀਆਂ ਪਰਜਾਤੀਆਂ ਵੱਖਰੀਆਂ-ਵੱਖਰੀਆਂ ਹਨ, ਪਰ ਪਸ਼ੂਆਂ ਵਾਲੀ ਪਰਜਾਤੀ ਤੋਂ ਮਨੁੱਖ ਨੂੰ ਵੀ ਬਿਮਾਰੀ ਲੱਗ ਸਕਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਇਹ ਬਿਮਾਰੀ ਪਸ਼ੂਆਂ ਤੋਂ ਮਨੁੱਖਾਂ ਨੂੰ ਵੀ ਲੱਗ ਸਕਦੀ ਹੈ। ਰੋਗੀ ਮਨੁੱਖ ਨੂੰ ਹਲਕਾ ਜਿਹਾ ਬੁਖਾਰ ਰਹਿੰਦਾ ਹੈ, ਸਾਹ ਲੈਣ ਵਿੱਚ ਮੁਸ਼ਕਿਲ ਤੇ ਕਮਜ਼ੋਰੀ ਹੋ ਜਾਂਦੀ ਹੈ। ਬਿਮਾਰੀ ਦਾ ਜੀਵਾਣੂ ਵਾਤਾਵਰਣ ਵਿੱਚ ਇੱਕ ਸਾਲ ਤੱਕ ਜਿਉਂਦਾ ਰਹਿ ਸਕਦਾ ਹੈ। ਸੁੱਕੇ ਹੋਏ ਥੁੱਕ ਜਾਂ ਬਲਗਮ ਵਿੱਚ ਵੀ 2-3 ਮਹੀਨਿਆਂ ਤੱਕ ਜੀਵਾਣੂ ਜਿਉਂਦਾ ਰਹਿ ਸਕਦਾ ਹੈ।

## ਫੈਲਣ ਦੇ ਕਾਰਣ

ਪਸ਼ੂਆਂ ਤੋਂ ਮਨੁੱਖ ਨੂੰ ਇਹ ਬਿਮਾਰੀ ਜ਼ਿਆਦਾਤਰ ਰੋਗੀ ਪਸ਼ੂ ਦਾ ਦੁੱਧ ਪੀਣ ਜਾਂ ਮਾਸ ਖਾਣ ਨਾਲ ਹੁੰਦੀ ਹੈ। ਜੇਕਰ ਮਨੁੱਖ ਰੋਗੀ ਪਸ਼ੂ ਦਾ ਦੁੱਧ ਬਿਨਾ ਉਬਾਲੇ ਪੀ ਲਵੇ ਤਾਂ ਇਹ ਰੋਗ ਦੁੱਧ ਰਾਹੀਂ ਮਨੁੱਖ ਨੂੰ ਲੱਗ ਸਕਦਾ ਹੈ। ਧਾਰ ਕੱਢਣ ਸਮੇਂ ਸਿੱਧੀਆਂ ਧਾਰਾਂ ਮੂੰਹ ਵਿੱਚ ਨਾ ਪਾਓ। ਸਾਹ ਰਾਹੀਂ ਵੀ ਇਹ ਬਿਮਾਰੀ ਫੈਲ ਸਕਦੀ ਹੈ। ਕਈ ਵਾਰ ਪਸ਼ੂਆਂ ਦੀ ਦੇਖ-ਭਾਲ ਕਰਨ ਵਾਲੇ ਵਿਅਕਤੀ ਉਹਨਾਂ ਦੇ ਸ਼ੈੱਡਾਂ ਵਿੱਚ ਹੀ ਸੌਂ ਜਾਂਦੇ ਹਨ। ਰੋਗੀ ਪਸ਼ੂਆਂ ਦੇ ਸੰਪਰਕ ਵਿੱਚ ਆਉਣ ਨਾਲ ਜਾਂ ਅਜਿਹੇ ਵਾਤਾਵਰਣ ਵਿੱਚ ਸਾਹ ਲੈਣ ਨਾਲ ਜਿੱਥੇ ਇਸ ਬਿਮਾਰੀ ਦੇ ਜੀਵਾਣੂ ਹੋਣ, ਨਾਲ ਵੀ ਬਿਮਾਰੀ ਹੋ ਸਕਦੀ ਹੈ। ਦੁੱਧ ਦੀ ਚੁਆਈ ਵੇਲੇ ਜੇਕਰ ਹੱਥ ਤੇ ਜਾਂ ਉਂਗਲੀਆਂ ਤੇ ਜਖਮ ਹੋਵੇ ਤਾਂ ਵੀ ਜੀਵਾਣੂ ਕੱਟੀ ਹੋਈ ਚਮੜੀ ਰਾਹੀਂ ਸਰੀਰ ਵਿੱਚ ਦਾਖਲ ਹੋ ਸਕਦਾ ਹੈ।

## ਪਸ਼ੂਆਂ ਵਿੱਚ ਰੋਗ

ਸ਼ੁਰੂਆਤ ਵਿੱਚ ਰੋਗੀ ਪਸ਼ੂ ਵਿੱਚ ਕੋਈ ਲੱਛਣ ਨਜ਼ਰ ਨਹੀਂ ਆਉਂਦਾ ਪਰ ਹੌਲੀ-ਹੌਲੀ ਪਸ਼ੂ ਕਮਜ਼ੋਰ ਹੁੰਦਾ ਜਾਂਦਾ ਹੈ। ਸਾਹ ਪ੍ਰਣਾਲੀ ਨਾਲ ਸੰਬੰਧਿਤ ਰੁਕਾਵਟਾਂ ਆਉਂਦੀਆਂ ਹਨ ਜਿਵੇਂ ਕਿ ਸਾਹ ਲੈਣ ਵਿੱਚ ਤਕਲੀਫ ਅਤੇ ਖੰਘ ਆਉਣੀ ਆਦਿ। ਇਸ ਤੋਂ ਇਲਾਵਾ ਪਸ਼ੂਆਂ ਦੀ ਭੁੱਖ ਘੱਟ ਜਾਂਦੀ ਹੈ ਅਤੇ ਦੁੱਧ ਦੀ ਪੈਦਾਵਾਰ ਵੀ ਘੱਟ ਜਾਂਦੀ ਹੈ। ਸਰੀਰ ਉਪਰਲੇ ਵਾਲ ਖੁਰਦਰੇ ਹੋ ਜਾਂਦੇ ਹਨ। ਜਾਨਵਰ ਜਿੱਲ੍ਹਾ (ਸੁਸਤ) ਅਤੇ ਸ਼ੀਲ ਹੋ ਜਾਂਦਾ ਹੈ। ਕਈ ਵਾਰ ਇਹ ਰੋਗ ਦਿਮਾਗ ਤੇ ਵੀ ਅਸਰ ਪਾ ਸਕਦਾ ਹੈ ਜਿਸ ਕਰਕੇ ਦੌਰੇ ਪੈਣੇ ਅਤੇ ਚੱਕਰੀਆਂ ਕੱਢਣ ਵਰਗੇ ਲੱਛਣ ਵੀ ਵੇਖਣ ਨੂੰ ਮਿਲ ਸਕਦੇ ਹਨ। ਰੋਗੀ ਪਸ਼ੂ ਦੀਆਂ ਲਿੰਫ ਗ੍ਰੰਥੀਆਂ ਸੁੱਜ ਜਾਂਦੀਆਂ ਹਨ।

## ਮਨੁੱਖ ਵਿੱਚ ਰੋਗ

ਮਨੁੱਖ ਲਗਾਤਾਰ ਕਮਜ਼ੋਰ ਹੁੰਦਾ ਜਾਂਦਾ ਹੈ। ਬੁਖਾਰ ਘੱਟਦਾ ਵੱਧਦਾ ਰਹਿੰਦਾ ਹੈ। ਹੱਥਾਂ ਪੈਰਾਂ ਵਿੱਚ ਦਰਦ ਹੋਣਾ, ਭੁੱਖ ਘੱਟ ਲੱਗਣੀ ਅਤੇ ਭਾਰ ਘੱਟਣਾ ਆਦਿ ਲੱਛਣ ਵੀ ਵੇਖਣ ਨੂੰ ਮਿਲਦੇ ਹਨ। ਗਰਦਨ ਤੇ ਚਮੜੀ ਹੇਠ ਗਿਲਟੀਆਂ ਬਣ ਜਾਂਦੀਆਂ ਹਨ। ਗਰਦਨ ਵਿਚਲੀਆਂ ਲਿੰਫ ਗ੍ਰੰਥੀਆਂ ਸੁੱਜ ਜਾਂਦੀਆਂ ਹਨ। ਕਦੇ-ਕਦੇ ਮਰੀਜ਼ ਨੂੰ ਦਸਤ ਵੀ ਲਗ ਜਾਂਦੇ ਹਨ। ਸਾਹ ਪ੍ਰਣਾਲੀ ਤੋਂ ਇਲਾਵਾ ਇਹ ਰੋਗ ਹੱਡੀਆਂ ਜੋੜਾਂ ਅਤੇ ਦਿਮਾਗ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

## ਬਿਮਾਰੀ ਦੀ ਜਾਂਚ

ਰੋਗ ਦੇ ਪਛਾਣ ਲਈ ਸਭ ਤੋਂ ਪਹਿਲਾਂ ਰੋਗੀ ਪਸ਼ੂਆਂ ਜਾਂ ਮਨੁੱਖ ਵਿੱਚ ਲੱਛਣ ਵੇਖੇ ਜਾ ਸਕਦੇ ਹਨ। ਟਿਉਬਰਕੁਲਿਨ ਟੈਸਟ ਨਾਲ ਵੀ ਬਿਮਾਰੀ ਦੀ ਜਾਂਚ ਕੀਤੀ ਜਾ ਸਕਦੀ ਹੈ। ਮਨੁੱਖ ਵਿੱਚ ਟੈਸਟ ਨੂੰ "ਮੋਨਟੋਕਸ ਟੈਸਟ" (Montoux Test) ਕਹਿੰਦੇ ਹਨ।